# ਅਕਾਦਮਿਕ ਸਾਲ-2024-25

## ਅਰਥਸ਼ਾਸਤਰ (ਹਿਊਮੈਨੀਟੀਜ਼/ਕਾਮਰਸ)

## ਮਾਡਲ ਪ੍ਰਸ਼ਨ ਪੱਤਰ

ਸਮਾਂ: 3 ਘੰਟੇ ਕੁੱਲ ਅੰਕ:80

ਆਮ ਹਦਾਇਤਾਂ:

1. ਇਸ ਪ੍ਰਸ਼ਨ ਪੱਤਰ ਵਿੱਚ ਕੁੱਲ 5 ਪ੍ਰਸ਼ਨ ਹਨ।
2. ਸਾਰੇ ਸਵਾਲ ਲਾਜ਼ਮੀ ਹਨ।
3. ਸਧਾਰਨ ਕੈਲਕੁਲੇਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਪ੍ਰ.1. ਇਸ ਪ੍ਰਸ਼ਨ ਦੇ 20 ਉਪ ਭਾਗ ਹਨ, ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰੇਕ ਠੀਕ ਉੱਤਰ ਦਾ ਇੱਕ ਅੰਕ ਹੈ।** **20×1=20**

1. ਹੇਠਾਂ ਵਿੱਚੋਂ ਕਿਸਦਾ ਅਧਿਐਨ ਵਿਅਸ਼ਟੀ ਅਰਥਸ਼ਾਸਤਰ ਵਿੱਚ ਕੀਤਾ ਜਾਂਦਾ ਹੈ?

   (ੳ) ਵਿਅਕਤੀਗਤ ਮੰਗ (ਅ) ਵਿਅਕਤੀਗਤ ਪੂਰਤੀ

   (ੲ) ਬਜ਼ਾਰ ਮੰਗ (ਸ) ਉਪਰੋਕਤ ਸਾਰੇ

2. ਕਿਸ ਬਜ਼ਾਰ ਵਿੱਚ ਸਾਰੇ ਵਿਕ੍ਰੇਤਾ ਸਮਾਨ ਵਸਤੂ ਦੀ ਵਿਕਰੀ ਕਰ ਰਹੇ ਹੁੰਦੇ ਹਨ?

   (ੳ) ਏਕਾਧਿਕਾਰੀ ਬਜ਼ਾਰ (ਅ) ਪੂਰਨ ਮੁਕਾਬਲਾ ਬਜ਼ਾਰ

   (ੲ) ਏਕਾਧਿਕਾਰੀ ਬਜ਼ਾਰ (ਸ) ਏਕਾਧਿਕਾਰੀ ਮੁਕਾਬਲਾ ਬਜ਼ਾਰ

3. ਜਦੋਂ ਸੀਮਾਂਤ ਤੁਸ਼ਟੀਗੁਣ ਦਾ ਮੁੱਲ ਸਿਫਰ ਹੁੰਦਾ ਹੈ, ਤਾਂ ਕੁੱਲ ਤੁਸ਼ਟੀਗੁਣ ......... ਹੁੰਦਾ ਹੈ। (ਸਿਫਰ/ਅਧਿਕਤਮ)

4. ਜੇਕਰ ਕਿਸੇ ਵਸਤੂ ਦੀ ਕੀਮਤ ਵਿੱਚ 20 ਪ੍ਰਤੀਸ਼ਤ ਬਦਲਾਅ ਹੋਣ ਤੇ ਉਸ ਦੀ ਮੰਗ ਵਿੱਚ 40 ਪ੍ਰਤੀਸ਼ਤ ਬਦਲਾਅ ਹੁੰਦਾ ਹੈ, ਤਾਂ ਮੰਗ ਦੀ ਕੀਮਤ ਲੋਚ ਦਾ ਉੱਤਰ ਕਿੰਨਾਂ ਹੋਵੇਗਾ?

   (ੳ) 2 (ਅ) ½ (ੲ) 800 (ਸ) 2.5

5. ਕਿਸੇ ਵਸਤੂ ਦੀ ਮੰਗ ਅਤੇ ਉਸ ਦੀ ਸਥਾਨਾਪੰਨ ਵਸਤੂ ਦੀ ਕੀਮਤ ਵਿੱਚ ਧਨਾਤਮਕ ਸੰਬੰਧ ਪਾਇਆ ਜਾਂਦਾ ਹੈ। (ਸਹੀ/ਗਲਤ)

6. ਉਦਾਸੀਨ ਵੱਕਰ ਦੀ ਢਲਾਣ ਕਿਸ ਤਰ੍ਹਾਂ ਦੀ ਹੁੰਦੀ ਹੈ?

   (ੳ) ਅਵਤਲ (ਅ) ਉੱਤਲ (ੲ) ਖੜ੍ਹਵੀਂ (ਸ) ਲੇਟਵੀਂ

7. ਜਦੋਂ ਔਸਤ ਉਤਪਾਦਨ ਘੱਟ ਰਿਹਾ ਹੁੰਦਾ ਹੈ, ਤਾਂ ਸੀਮਾਂਤ ਉਤਪਾਦਨ:

   (ੳ) ਉਸ ਦੇ ਹੇਠਾਂ ਹੁੰਦਾ ਹੈ (ਅ) ਉਸ ਦੇ ਉੱਪਰ ਹੁੰਦਾ ਹੈ

   (ੲ) ਉਸ ਦੇ ਬਰਾਬਰ ਹੁੰਦਾ ਹੈ (ਸ) ਉਪਰੋਕਤ ਵਿੱਚੋਂ ਕੋਈ ਵੀ

8. ਹੇਠਾਂ ਵਿੱਚੋਂ ਕਿਹੜੀ ਉਤਪਾਦਕ ਸੰਤੁਲਨ ਦੀ ਸ਼ਰਤ ਹੈ?

   (ੳ) ਸੀਮਾਂਤ ਲਾਗਤ = ਸੀਮਾਂਤ ਆਮਦਨ (ਅ) ਸੀਮਾਂਤ ਲਾਗਤ ਵੱਧ ਰਹੀ ਹੋਵੇ

   (ੲ) ਉਪਰੋਕਤ ੳ ਅਤੇ ਅ (ਸ) ਉਪਰੋਕਤ ਵਿੱਚੋਂ ਕੋਈ ਨਹੀਂ

9. ਕਿਸੇ ਵਸਤੂ ਦੀਆਂ 5 ਇਕਾਈਆਂ ਦੇ ਉਪਭੋਗ ਤੋਂ ਪ੍ਰਾਪਤ ਕੁੱਲ ਤੁਸ਼ਟੀਗੁਣ 15 ਯੁਟਿਲ ਅਤੇ 6 ਇਕਾਈਆਂ ਦੇ ਉਪਭੋਗ ਤੋਂ ਪ੍ਰਾਪਤ ਕੁੱਲ ਤੁਸ਼ਟੀਗੁਣ 18 ਯੁਟਿਲ ਹੈ, ਤਾਂ 6ਵੀਂ ਇਕਾਈ ਦੇ ਸੀਮਾਂਤ ਤੁਸ਼ਟੀਗੁਣ ਦਾ ਪਤਾ ਕਰੋ।

(ੳ) 3 ਯੁਟਿਲ (ਅ) 33 ਯੁਟਿਲ

(ੲ) 75 ਯੁਟਿਲ (ਸ) 108 ਯੁਟਿਲ

10.ਜੇਕਰ ਕਿਸੇ ਵਸਤੂ ਦੀ ਪੂਰਤੀ ਦੇ ਸਮਾਨ ਰਹਿਣ ਤੇ ਉਸ ਵਸਤੂ ਦੀ ਮੰਗ ਵਿੱਚ ਵਾਧਾ ਹੋ ਜਾਂਦਾ ਹੈ, ਤਾਂ ਇਸ ਨਾਲ ਸੰਤੁਲਨ ਕੀਮਤ:

(ੳ) ਵੱਧ ਜਾਵੇਗੀ (ਅ) ਘੱਟ ਜਾਵੇਗੀ

(ੲ) ਸਮਾਨ ਰਹੇਗੀ (ਸ) ਉਪਰੋਕਤ ਵਿੱਚੋਂ ਕੋਈ ਵੀ ਸੰਭਵ ਹੈ

11.ਅਰਥਸ਼ਾਸਤਰ ਦੀ ਕਿਹੜੀ ਸ਼ਾਖਾ ਪੂਰੀ ਦੀ ਪੂਰੀ ਅਰਥਵਿਵਸਥਾ ਦੇ ਕੰਮਕਾਜ ਨਾਲ ਸੰਬੰਧਿਤ ਹੈ?

(ੳ) ਵਿਅਸ਼ਟੀ ਅਰਥਸ਼ਾਸਤਰ (ਅ) ਸਮਸ਼ਟੀ ਅਰਥਸ਼ਾਸਤਰ

(ੲ) ਆਰਥਿਕ ਵਿਗਿਆਨ (ਸ) ਇਹਨਾਂ ਵਿੱਚੋਂ ਕੋਈ ਨਹੀਂ

12.ਖੰਡ ਦੇ ਉਤਪਾਦਨ ਵਿੱਚ, ਗੰਨਾ ................ ਵਸਤੂ ਹੈ। (ਅੰਤਿਮ/ਮੱਧਵਰਤੀ)

13.ਹੇਠਾਂ ਦਿੱਤੇ ਕਥਨਾਂ ਨਾਲ ਸਹੀ ਦਾ ਮਿਲਾਨ ਕਰੋ।

| ਆਰਥਿਕ ਸੰਕਲਪ | ਵਿਆਖਿਆ |
|---|---|
| a) ਅਸਲ ਪ੍ਰਵਾਹ | (i) ਮੁਦਰਾ ਦਾ ਪ੍ਰਵਾਹ |
| b) ਮੌਦਰਿਕ ਪ੍ਰਵਾਹ | (ii) ਵਸਤੂਆਂ ਅਤੇ ਸੇਵਾਵਾਂ ਦਾ ਪ੍ਰਵਾਹ |
| c) ਵਾਪਸੀ ਜਾਂ ਰਿਸਾਵ | (iii) ਆਮਦਨ ਅਤੇ ਉਤਪਾਦਨ ਦੇ ਚੱਕਰੀ ਪ੍ਰਵਾਹ ਵਿੱਚ ਵਾਧਾ |
| d) ਸਮਾਵੇਸ਼ | (iv) ਆਮਦਨ ਅਤੇ ਉਤਪਾਦਨ ਦੇ ਚੱਕਰੀ ਪ੍ਰਵਾਹ ਵਿੱਚ ਕਮੀ |

| | (a) | (b) | (c) | (d) |
|---|---|---|---|---|
| (ੳ) | i | iv | ii | iii |
| (ਅ) | ii | i | iv | iii |
| (ੲ) | iii | i | iv | ii |
| (ਸ) | i | ii | iii | iv |

14.ਉਹ ਪ੍ਰਣਾਲੀ ਜਿਸ ਵਿੱਚ ਵਸਤੂਆਂ ਦੇ ਬਦਲੇ ਵਸਤੂਆਂ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ ਉਸਨੂੰ .......... ਕਿਹਾ ਜਾਂਦਾ ਹੈ।

(ੳ) ਵਟਾਂਦਰਾ ਪ੍ਰਣਾਲੀ (ਅ) ਵਸਤੂ ਲਈ ਵਸਤੂ

(ੲ) ਵਸਤੂ ਵਟਾਂਦਰਾ ਪ੍ਰਣਾਲੀ (ਸ) ਹਸਤਾਂਤਰਣ ਪ੍ਰਣਾਲੀ

15.ਕੇਂਦਰੀ ਬੈਂਕ ਨੂੰ ਮੁਦਰਾ ਜਾਰੀ ਕਰਨ ਦਾ ਅਧਿਕਾਰ ਹੁੰਦਾ ਹੈ। (ਸਹੀ/ਗਲਤ)

16.ਜੇਕਰ ਕੋਈ ਵਿਅਕਤੀ ਕੰਮ ਕਰਨ ਲਈ ਤਿਆਰ ਹੈ, ਪਰ ਉਸਨੂੰ ਕੰਮ ਨਹੀਂ ਮਿਲਦਾ ਤਾਂ ਇਸ ਸਥਿਤੀ ਨੂੰ..... ਕਿਹਾ ਜਾਂਦਾ ਹੈ।

(ੳ) ਸੰਘਰਸ਼ਾਤਮਕ ਬੇਰੁਜ਼ਗਾਰੀ (ਅ) ਸਰੰਚਨਾਤਮਕ ਬੇਰੁਜ਼ਗਾਰੀ

(ੲ) ਅਣ-ਇੱਛੁਕ ਬੇਰੁਜ਼ਗਾਰੀ (ਸ) ਇਹਨਾਂ ਵਿੱਚੋਂ ਕੋਈ ਨਹੀਂ

17.ਘੱਟ ਮੰਗ ਅਤੇ ਵਾਧੂ ਮੰਗ ਦੀਆਂ ਸਮੱਸਿਆਵਾਂ ਨੂੰ ਠੀਕ ਕਰਨ ਲਈ ਹੇਠਾਂ ਦਿੱਤੇ ਵਿਚ ਕਿਹੜਾ ਵਿੱਤੀ ਉਪਾਅ ਨਹੀਂ ਹੈ?

(ੳ) ਸਰਕਾਰੀ ਖਰਚੇ (ਅ) ਸਰਕਾਰੀ ਆਮਦਨ

(ੲ) ਵਿਦੇਸ਼ੀ ਨੀਤੀ (ਸ) ਵਿੱਤੀ ਘਾਟਾ

18.ਟੈਕਸ ................. ਭੁਗਤਾਨ ਹੈ। (ਸਵੈ-ਇੱਛਤ/ਲਾਜ਼ਮੀ)

19.ਹੇਠਾਂ ਵਿੱਚੋਂ ਕਿਹੜਾ ਇੱਕ ਪ੍ਰਵਾਹ ਚਰ ਹੈ?

(ੳ) ਅਯਾਤ (ਅ) ਆਮਦਨ

(ੲ) ਨਿਰਯਾਤ (ਸ) ਉਪਰੋਕਤ ਸਾਰੇ

20.ਭੌਤਿਕ ਵਸਤੂਆਂ ਦੇ ਆਯਾਤ ਅਤੇ ਨਿਰਯਾਤ ਦੇ ਮੁੱਲ ਵਿੱਚ ਅੰਤਰ ਨੂੰ .......... ਕਿਹਾ ਜਾਂਦਾ ਹੈ।

(ੳ) ਭੁਗਤਾਨ ਸੰਤੁਲਨ (ਅ) ਵਪਾਰ ਸੰਤੁਲਨ

(ੲ) ਸਰਕਾਰੀ ਸੰਤੁਲਨ (ਸ) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 2. ਇਸ ਪ੍ਰਸ਼ਨ ਦੇ 15 ਉਪ ਭਾਗ ਹਨ। ਕਿਸੇ 13 ਉਪਭਾਗਾਂ ਦੇ ਉੱਤਰ ਦਿਓ। ਹਰੇਕ ਠੀਕ ਉੱਤਰ ਦੇ ਦੋ ਅੰਕ ਹੋਣਗੇ।** $13\times2 = 26$

1. ਵਾਸਤਵਿਕ ਅਰਥਸ਼ਾਸਤਰ ਤੋਂ ਕੀ ਭਾਵ ਹੈ?
2. ਕ੍ਰਮਵਾਚਕ ਤੁਸ਼ਟੀਗੁਣ ਵਿਸ਼ਲੇਸ਼ਣ ਤੋਂ ਕੀ ਭਾਵ ਹੈ?
3. ਕੁੱਲ ਉਤਪਾਦਨ ਅਤੇ ਸੀਮਾਂਤ ਉਤਪਾਦਨ ਵਿੱਚ ਕੋਈ ਦੋ ਸੰਬੰਧ ਦੱਸੋ।
4. ਕੁੱਲ ਸਥਿਰ ਲਾਗਤ ਵੱਕਰ ਆਇਤਾਕਾਰ ਹਾਈਪਰਬੋਲਾ ਅਕਾਰ ਦੀ ਕਿਉਂ ਹੁੰਦੀ ਹੈ?
5. ਬਜ਼ਾਰ ਦੀਆਂ ਕਿਸੇ ਦੋ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।
6. ਸਿੱਧ ਕਰੋ ਕਿ ਕੀਮਤ ਅਤੇ ਔਸਤ ਆਮਦਨ ਸਮਾਨ ਧਾਰਨਵਾਂ ਹਨ।
7. ਸੰਤੁਲਨ ਕੀਮਤ ਅਤੇ ਸੰਤੁਲਨ ਮਾਤਰਾ ਤੋਂ ਕੀ ਭਾਵ ਹੈ?
8. ਪੂਰਨ ਮੁਕਾਬਲਾ ਬਜ਼ਾਰ ਵਿੱਚ ਫਰਮ ਕੀਮਤ ਸਵੀਕਾਰ ਕਰਨ ਵਾਲੀ ਕਿਉਂ ਹੁੰਦੀ ਹੈ?
9. ਨਿਆਸ ਮੁਦਰਾ ਤੋਂ ਕੀ ਭਾਵ ਹੈ?
10. ਸਰਕਾਰੀ ਬਜਟ ਤੋਂ ਕੀ ਭਾਵ ਹੈ?
11. ਕੁੱਲ ਮੰਗ ਦਾ ਨਿਰਧਾਰਨ ਕਿਵੇਂ ਕੀਤਾ ਜਾਂਦਾ ਹੈ?
12. ਉਪਭੋਗ ਫਲਨ ਤੋਂ ਕੀ ਭਾਵ ਹੈ?
13. ਭੁਗਤਾਨ ਬਾਕੀ ਅਤੇ ਵਪਾਰ ਬਾਕੀ ਵਿੱਚ ਅੰਤਰ ਸਪੱਸ਼ਟ ਕਰੋ।
14. ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ ਤੋਂ ਕੀ ਭਾਵ ਹੈ?
15. ਕਿਸੇ ਦੇਸ਼ ਦੀ ਘਰੇਲੂ ਸੀਮਾ ਤੋਂ ਕੀ ਭਾਵ ਹੈ?

**ਪ੍ਰਸ਼ਨ 3 ਸਰੋਤ ਆਧਾਰਿਤ ਸਵਾਲ। ਹੇਠਾਂ ਦਿੱਤੇ ਪੈਰੇ ਨੂੰ ਪੜ੍ਹੋ ਅਤੇ ਹੇਠਾਂ ਦਿੱਤੇ ਸਵਾਲਾਂ ਦੇ ਜਵਾਬ ਦਿਓ।** $6\times1=6$

ਭਾਰਤੀ ਖੇਤੀ ਨੂੰ ਇੱਕ ਅਲਪਵਿਕਸਿਤ ਖੇਤੀ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਵਿੱਚ ਸਥਿਰ ਸਾਧਨ, ਭੂਮੀ, ਤੇ ਪਰਿਵਰਤਨਸ਼ੀਲ ਸਾਧਨ, ਮਜ਼ਦੂਰ, ਦੀਆਂ ਲੋੜ ਤੋਂ ਵੱਧ ਇਕਾਈਆਂ ਨੂੰ ਕੰਮ ਤੇ ਲਗਾਇਆ ਜਾਂਦਾ ਹੈ। ਜਿਸ ਨਾਲ ਪਰਿਵਰਤਨਸ਼ੀਲ ਸਾਧਨ, ਮਜ਼ਦੂਰ, ਦਾ ਸੀਮਾਂਤ ਉਤਪਾਦਨ ਬੜੀ ਤੇਜੀ ਨਾਲ ਘੱਟਦਾ ਹੈ ਅਤੇ ਕੁੱਝ ਸਥਿਤੀਆਂ ਵਿੱਚ ਇਹ ਰਿਣਾਤਮਕ ਵੀ ਹੋ ਜਾਂਦਾ ਹੈ। ਇਸ ਦੇ ਨਤੀਜੇ ਵਜੋਂ, ਕੁੱਲ ਉਤਪਾਦਨ ਅਤੇ ਔਸਤ ਉਤਪਾਦਨ ਵਿੱਚ

ਵੀ ਕਮੀ ਆਉਂਦੀ ਹੈ। ਮਜ਼ਦੂਰਾਂ ਦੇ ਲੋੜ ਤੋਂ ਵੱਧ ਮਾਤਰਾ ਵਿੱਚ ਲੱਗੇ ਹੋਣ ਕਰਕੇ ਛੁੱਪੀ ਹੋਈ ਬੇਰੁਜ਼ਗਾਰੀ ਦੀ ਸਮੱਸਿਆ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਵਧੇਰੇ ਭਾਰਤੀ ਕਿਸਾਨ, ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ਤੀਜੀ ਅਵਸਥਾ ਵਿੱਚ ਕੰਮ ਕਰ ਰਹੇ ਹਨ, ਜਦਕਿ ਵਿਵੇਕਸ਼ੀਲ ਨਿਰਣੇ ਦੀ ਅਵਸਥਾ ਦੂਜੀ ਅਵਸਥਾ ਹੁੰਦੀ ਹੈ। ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ਤੀਜੀ ਅਵਸਥਾ ਵਿੱਚ ਪਰਿਵਰਤਨਸ਼ੀਲ ਸਾਧਨ ਦਾ ਸੀਮਾਂਤ ਉਤਪਾਦਨ ਰਿਣਾਤਮਕ ਹੋਣ ਕਰਕੇ ਕਿਸਾਨਾਂ ਨੂੰ ਉਤਪਾਦਨ ਲਾਗਤ ਵੱਧ ਮਾਤਰਾ ਵਿੱਚ ਪੈਂਦੀ ਹੈ, ਜਿਸ ਕਰਕੇ ਉਹ ਲਾਗਤ ਦੇ ਮਾਮਲੇ ਵਿੱਚ ਦੁਨੀਆ ਦੇ ਹੋਰ ਦੇਸ਼ਾਂ ਦੇ ਮੁਕਾਬਲੇ ਵਿੱਚ ਪਿਛੜ ਜਾਂਦੇ ਹਨ।

ਪ੍ਰਸ਼ਨ 1: ਭਾਰਤੀ ਖੇਤੀ ਦੇ ਪਿਛੜੇਪਨ ਦਾ ਕੀ ਕਾਰਨ ਹੈ?

ਪ੍ਰਸ਼ਨ 2: ਪਰਿਵਰਤਨਸ਼ੀਲ ਅਨੁਪਾਤ ਦਾ ਨਿਯਮ ਕਿਹੜੀ ਸਮਾਂ ਅਵਧੀ ਵਿੱਚ ਲਾਗੂ ਹੁੰਦਾ ਹੈ?

ਪ੍ਰਸ਼ਨ 3: ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ਦੂਜੀ ਅਵਸਥਾ ਤੋਂ ਕੀ ਭਾਵ ਹੈ?

ਪ੍ਰਸ਼ਨ 4: ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ਤੀਜੀ ਅਵਸਥਾ ਤੋਂ ਕੀ ਭਾਵ ਹੈ?

ਪ੍ਰਸ਼ਨ 5: ਛੁੱਪੀ ਹੋਈ ਬੇਰੁਜ਼ਗਾਰੀ ਤੋਂ ਕੀ ਭਾਵ ਹੈ?

ਪ੍ਰਸ਼ਨ 6: ਭਾਰਤੀ ਕਿਸਾਨਾਂ ਨੂੰ ਉਤਪਾਦਨ ਲਾਗਤ ਵੱਧ ਮਾਤਰਾ ਵਿੱਚ ਕਿਉਂ ਸਹਿਣ ਕਰਨੀ ਪੈਂਦੀ ਹੈ?

**ਪ੍ਰਸ਼ਨ 4: ਛੋਟੇ ਉੱਤਰਾਂ ਵਾਲੇ ਪ੍ਰਸ਼ਨ। ਪ੍ਰਸ਼ਨਾਂ ਦੇ ਜਵਾਬ 60-70 ਸ਼ਬਦਾਂ ਵਿੱਚ ਹੋ ਸਕਦੇ ਹਨ।**

**4×4=16**

i. ਤੁਸ਼ਟੀਗੁਣ ਤੋਂ ਕੀ ਭਾਵ ਹੈ? ਕੁੱਲ ਤੁਸ਼ਟੀਗੁਣ ਅਤੇ ਸੀਮਾਂਤ ਤੁਸ਼ਟੀਗੁਣ ਦੀ ਧਾਰਨਾ ਦੀ ਵਿਆਖਿਆ ਕਰੋ।

**ਜਾਂ**

ਹੇਠ ਦਿੱਤੇ ਅੰਕੜਿਆਂ ਤੋਂ (i) ਔਸਤ ਸਥਿਰ ਲਾਗਤ (ii) ਔਸਤ ਪਰਿਵਰਤਨਸ਼ੀਲ ਲਾਗਤ ਅਤੇ (iii) ਸੀਮਾਂਤ ਲਾਗਤ ਦਾ ਪਤਾ ਕਰੋ।

| ਉਤਪਾਦਨ ਦੀਆਂ ਇਕਾਈਆਂ | 0 | 1 | 2 | 3 | 4 | 5 | 6 |
|---|---|---|---|---|---|---|---|
| ਕੁੱਲ ਲਾਗਤ | 20 | 40 | 58 | 75 | 92 | 120 | 150 |

ii. ਮੰਗ ਅਤੇ ਪੂਰਤੀ ਸ਼ਕਤੀਆਂ ਦੁਆਰਾ ਬਜ਼ਾਰ ਸੰਤੁਲਨ ਦੀ ਵਿਆਖਿਆ ਕਰੋ।

**ਜਾਂ**

ਪੂਰਨ ਮੁਕਾਬਲਾ ਬਜ਼ਾਰ ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।

iii. ਦੋ ਖੇਤਰੀ ਮਾਡਲ ਵਿੱਚ ਆਮਦਨ ਦੇ ਚੱਕਰੀ ਪ੍ਰਵਾਹ ਦਾ ਵਰਣਨ ਕਰੋ।

**ਜਾਂ**

iv. ਇੱਕ ਅਰਥਵਿਵਸਥਾ ਵਿੱਚ ਰਾਸ਼ਟਰੀ ਆਮਦਨ 40000 ਕਰੋੜ ਰੁਪਏ ਹੈ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ 0.50 ਹੈ। ਜੇਕਰ 1200 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਂਦਾ ਹੈ, ਤਾਂ ਕੁੱਲ ਰਾਸ਼ਟਰੀ ਆਮਦਨ ਕਿੰਨੀ ਹੋਵੇਗੀ?

**ਜਾਂ**

ਸਥਿਰ ਵਟਾਂਦਰਾ ਦਰ ਪ੍ਰਣਾਲੀ ਤੋਂ ਕੀ ਭਾਵ ਹੈ? ਇਸ ਦੇ ਲਾਭ ਅਤੇ ਹਾਨੀਆਂ ਦਾ ਵਰਣਨ ਕਰੋ।

ਪ੍ਰਸ਼ਨ 5: ਵੱਡੇ ਉੱਤਰਾਂ ਵਾਲੇ ਪ੍ਰਸ਼ਨ। ਪ੍ਰਸ਼ਨਾਂ ਦੇ ਜਵਾਬ 150-200 ਸ਼ਬਦਾਂ ਵਿੱਚ ਹੋ ਸਕਦੇ ਹਨ।

$2 \times 6 = 12$

i. ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਤੋਂ ਕੀ ਭਾਵ ਹੈ? ਇਸ ਦੀਆਂ ਅਵਸਥਾਵਾਂ ਦਾ ਵਰਣਨ ਕਰੋ।

ਜਾਂ

ਵਸਤੂ ਦੀ ਮੰਗ ਅਤੇ ਪੂਰਤੀ ਵਿੱਚ ਹੋਣ ਵਾਲੇ ਬਦਲਾਅ ਦੇ ਸੰਤੁਲਨ ਕੀਮਤ ਤੇ ਪੈਣ ਵਾਲੇ ਪ੍ਰਭਾਵ ਦੀ ਵਿਆਖਿਆ ਕਰੋ।

ii. ਹੇਠ ਦਿੱਤੇ ਗਏ ਅੰਕੜਿਆਂ ਤੋਂ (i) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦਨ ਅਤੇ (ii) ਰਾਸ਼ਟਰੀ ਆਮਦਨ ਦਾ ਮੁੱਲ ਪਤਾ ਕਰੋ।

| ਮਦ | ਰਕਮ (ਕਰੋੜ ਰੁਪਏ ਵਿੱਚ) |
|---|---|
| (ੳ) ਕਰਮਚਾਰੀਆਂ ਦਾ ਮਿਹਨਤਾਨਾ | 3000 |
| (ਅ) ਪਰਿਚਾਲਨ ਬੇਸ਼ੀ | 2000 |
| (ੲ) ਮਿਸ਼ਰਿਤ ਆਮਦਨ | 1000 |
| (ਸ) ਅਪ੍ਰੱਤਖ ਕਰ | 200 |
| (ਹ) ਆਰਥਿਕ ਸਹਾਇਤਾ | 80 |
| (ਕ) ਘਿਸਾਵਟ ਖਰਚ | 30 |
| (ਖ) ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | 20 |

ਜਾਂ

ਕਿਸੇ ਦੇਸ਼ ਦੇ ਭੁਗਤਾਨ ਬਾਕੀ ਦੇ ਘਾਟੇ ਵਿੱਚ ਹੋਣ ਦੇ ਕਾਰਨਾਂ ਦੀ ਵਿਆਖਿਆ ਕਰੋ।